# 1

# ਐਤਵਾਰ

## ਮੱਤੀ 21:1-11; 26:6-13; ਮਰਕੁਸ 11:1-11; 14:3-9; ਲੂਕਾ 19:29-44; ਯੂਹੰਨਾ 12:1-19

*''ਜਿਉਂ ਉਹ ਅੱਗੇ ਵਧਿਆ ਜਾਂਦਾ ਸੀ ਤਿਉਂ ਲੋਕ ਆਪਣੇ ਲੀੜੇ ਰਾਹ ਵਿਚ ਵਿਛਾਉਂਦੇ ਸਨ। ਅਤੇ ਜਾਂ ਉਹ ਨੇੜੇ ਜੈਤੂਨ ਦੀ ਉਤਰਾਈ ਤੇ ਪਹੁੰਚਿਆ ਤਾਂ ਚੇਲਿਆਂ ਦੀ ਸਾਰੀ ਟੋਲੀ ਅਨੰਦ ਹੋ ਕੇ ... ਉੱਚੀ ਅਵਾਜ਼ ਨਾਲ ਪ੍ਰਮੇਸ਼ਵਰ ਦੀ ਉਸਤਤ ਕਰਨ ਲੱਗੀ'' (ਲੂਕਾ 19:36, 37) ।*

ਕਿੰਨਾ ਸ਼ਾਨਦਾਰ ਦਿਨ ਸੀ! ਕਿੰਨਾ ਸ਼ਾਨਦਾਰ ਹਫ਼ਤਾ ਸੀ! ਇਹ ਉਸ ਹਫ਼ਤੇ ਦੀ ਸ਼ੁਰੂਆਤ ਸੀ ਜਦ ਖ਼ੁਦਾ ਦਾ ਬੇਟਾ ਯਿਸੂ ਮਰਿਆ। ਇਹ ਹਫ਼ਤਾ ਖ਼ੁਦਾ ਦੇ ਸਭ ਤੋਂ ਵੱਡੇ ਕਾਰਜ ਭਾਵ ਸਲੀਬ ਦੇ ਰਾਹੀਂ ਕੀਤੇ ਜਾਣ ਵਾਲੇ ਉਹਦੇ ਕਾਰਜ ਦਾ ਹਫ਼ਤਾ ਸੀ! ਇਹ ਉਹ ਹਫ਼ਤਾ ਸੀ ਜਿਹਨੇ ਦੁਨੀਆਂ ਬਦਲ ਦਿੱਤੀ, ਜਿਹਨੇ ਮੈਨੂੰ ਬਦਲ ਦਿੱਤਾ!

ਵੇਰਵੇ ਇਕੱਠੇ ਕਰਨ 'ਤੇ ਬਾਈਬਲ ਤੋਂ ਸਿਰਫ਼ ਮਸੀਹ ਦੀ ਜ਼ਿੰਦਗੀ ਦੇ ਚਾਲੀ ਤੋਂ ਵੱਧ ਹਫ਼ਤਿਆਂ ਦਾ ਹੀ ਪਤਾ ਲਗਦਾ ਹੈ, ਤਾਂ ਵੀ ਉਹਦੀ ਮੌਤ ਦੇ ਹਫ਼ਤੇ ਦੇ ਖ਼ੁਦਾਈ ਵੇਰਵੇ ਤੋਂ ਉਹਦੀਆਂ ਗਤੀਵਿਧੀਆਂ ਦੀਆਂ ਕਈ ਗੱਲਾਂ ਪਤਾ ਲਗਦੀਆਂ ਹਨ। ਇਸ ਇਕ ਹਫ਼ਤੇ ਵਿਚ ਯਿਸੂ ਵੱਲੋਂ ਕੀਤੇ ਕੰਮਾਂ ਨਾਲ ਨਵੇਂ ਨੇਮ ਦੀਆਂ ਮੱਤੀ, ਮਰਕੁਸ, ਲੂਕਾ ਅਤੇ ਯੂਹੰਨਾ ਦੀਆਂ ਕਿਤਾਬਾਂ ਦਾ ਇਕ ਤਿਹਾਈ ਹਿੱਸਾ ਖਪ ਜਾਂਦਾ ਹੈ ਜਿਸ ਵਿਚ ਯੂਹੰਨਾ ਦੀ ਅੱਧੀ ਇੰਜੀਲ ਹੈ। ਸਿਰਫ਼ ਜਗ੍ਹਾ ਦਿੱਤੇ ਜਾਣ ਤੋਂ ਹੀ ਪਤਾ ਲਗ ਜਾਂਦਾ ਹੈ ਕਿ ਉਸ ਹਫ਼ਤੇ ਦੀ ਅਹਿਮੀਅਤ ਸਭ ਤੋਂ ਬਹੁਤੀ ਹੈ।

ਆਪਣੀ ਸੇਵਕਾਈ ਦੌਰਾਨ ਯਿਸੂ ਨੇ ਯਰੂਸ਼ਲਮ ਵਿਚ ਬਹੁਤਾ ਵਕਤ ਨਹੀਂ ਗੁਜ਼ਾਰਿਆ। ਹੁਣ ਉਹਨੇ ਯਰੂਸ਼ਲਮ ਨੂੰ ਜਾਣ ਦਾ ਪੱਕਾ ਇਰਾਦਾ ਕੀਤਾ (ਲੂਕਾ 9:51)। ਹਾਲਾਤ ਉਹਦੇ ਵੱਸ ਵਿਚ ਸਨ ਤਾਂ ਵੀ ਉਹ ਯਰੂਸ਼ਲਮ ਵਿਚ ਮਰਨ ਵਾਸਤੇ ਗਿਆ।

ਇਸ ਦੌਰਾਨ ਯਿਸੂ ਨੇ ਕੀ ਕੀਤਾ? ਉਹਨੇ ਸਿਖਾਇਆ! ਉਹ ਸਲੀਬ 'ਤੇ ਵੀ ਸਬਕ ਦੇ ਰਿਹਾ ਸੀ! ਯਹੂਦੀਆਂ ਦਾ ਦਾਅਵਾ ਸੀ ਕਿ ਉਨ੍ਹਾਂ ਨੂੰ ਮਸੀਹਾ ਚਾਹੀਦਾ ਹੈ;[1] ਪਰ ਜਦ ਉਹ ਆਇਆ ਤਾਂ ਉਨ੍ਹਾਂ ਉਹਨੂੰ ਸਲੀਬ ਦੇ ਦਿੱਤਾ! ਉਹਨੇ ਮਸੀਹਾ ਦੀ ਉਨ੍ਹਾਂ ਦੀ ਧਾਰਣਾ ਨੂੰ ਪੂਰਾ ਨਹੀਂ ਕੀਤਾ। ਭਲਾ ਉਹ ਸਾਡੀਆਂ ਧਾਰਣਾਵਾਂ ਨਾਲ ਮੇਲ ਖਾਂਦਾ ਹੈ? ਕੀ ਅਸੀਂ ਬਾਈਬਲ ਵਿਚ ਵਿਚਲੇ ਮਸੀਹ ਨੂੰ ਕਬੂਲ ਕਰ ਸਕਦੇ ਹਾਂ?

ਆਓ ਉਸ ਹਫ਼ਤੇ ਨੂੰ ਵੇਖਦੇ ਹਾਂ ਜਿਸ ਨੇ ਦੁਨੀਆਂ ਬਦਲ ਦਿੱਤੀ। ਪੂਰਾ ਸਨਾਤਨ ਓਸੇ 'ਤੇ ਨਿਰਭਰ ਹੈ ਕਿ ਯਿਸੂ ਨੇ ਇਸ ਹਫ਼ਤੇ ਵਿਚ ਕੀ ਕੀਤਾ ਅਤੇ ਅਸੀਂ ਉਹਨੂੰ ਕਿਵੇਂ ਮੰਨਦੇ ਹਾਂ।

## ਮਸਹ ਕੀਤਾ ਜਾਣਾ

ਐਤਵਾਰ ਦੀ ਪਹਿਲੀ ਘਟਨਾ ਯਿਸੂ ਦਾ ਮਸਹ ਕੀਤਾ ਜਾਣਾ ਸੀ (ਮੱਤੀ 26:6-13; ਮਰਕੁਸ 14:3-9; ਯੂਹੰਨਾ 12:1-8)। ਉਹ ਬੈਤਨੀਆ ਵਿਚ ਸ਼ਮਊਨ ਕੋੜ੍ਹੀ ਦੇ ਘਰ ਸੀ: ''ਉੱਥੇ ਉਨ੍ਹਾਂ ਉਹਦੇ ਲਈ ਭੋਜਨ ਤਿਆਰ ਕੀਤਾ ਅਤੇ ਮਾਰਥਾ ਟਹਿਲ ਕਰਦੀ ਸੀ ਪਰ ਲਾਜ਼ਰ ਉਨ੍ਹਾਂ ਵਿੱਚੋਂ ਇਕ ਸੀ ਜਿਹੜੇ ਉਹਦੇ ਨਾਲ ਖਾਣ ਬੈਠੇ ਸਨ'' (ਯੂਹੰਨਾ 12:2)।[2] ਖਾਣੇ ਦੌਰਾਨ ਮਰੀਅਮ ਨੇ ਕੀਮਤੀ ਤੇਲ ਨਾਲ ਯਿਸੂ ਨੂੰ ਮਸਹ ਕਰ ਦਿੱਤਾ। ਇਹਦੀ ਕੀਮਤ ਆਮ ਆਦਮੀ (NASB-ਅਨੁਵਾਦਕ) ਦੀ ਸਾਲ ਭਰ ਦੀ ਮਜ਼ਦੂਰੀ ਦੇ ਬਰਾਬਰ ਹੋਵੇਗੀ।

ਇੱਥੇ ਸਾਨੂੰ ਲੈਣ 'ਤੇ ਸਬਕ ਮਿਲਦਾ ਹੈ। ਯਿਸੂ ਨੇ ਜ਼ਿੰਦਗੀ ਭਰ ਦਿੱਤਾ ਸੀ। ਮੁਸ਼ਕਿਲ ਘੜੀ ਵਿਚ ਸ਼ਾਇਦ ਲੈਣ ਨਾਲੋਂ ਦੇਣਾ ਅਸਾਨ ਹੁੰਦਾ ਹੈ, ਪਰ ਯਿਸੂ ਨੇ ਦੋਵੇਂ ਗੱਲਾਂ ਸਿਖਾਈਆਂ।

ਇੱਥੇ ਯਹੂਦਾ ਦੇ ਅਸਲ ਸੁਭਾਅ ਦਾ ਮੁੱਢ ਪਤਾ ਲਗਦਾ ਹੈ, ਜਦ ਉਹਨੇ ਕਿਹਾ, ''ਇਹ ਇਤਰ ਤਿੰਨ ਸੌ ਦੀਨਾਰ ਨੂੰ ਵੇਚ ਕੇ ਕੰਗਾਲਾਂ ਨੂੰ ਕਿਉਂ ਨਾ ਦਿੱਤਾ ਗਿਆ? ...'' (ਯੂਹੰਨਾ 12:4-6)। ਹੈਰਾਨੀ ਦੀ ਗੱਲ ਹੈ ਕਿ ਰਸੂਲਾਂ ਨੇ[3] ਕਿਵੇਂ ਸੋਚ ਲਿਆ ਕਿ ਉਹ ਖੁਲ੍ਹੇਆਮ ਯਿਸੂ ਦੀ ਅਲੋਚਨਾ ਕਰ ਸਕਦੇ ਹਨ! ਯਿਸੂ ਨੂੰ ਉਨ੍ਹਾਂ ਵੱਲੋਂ ਝਿੜਕਣਾ ਸਖ਼ਤ ਅਤੇ ਸ਼ਰਮਨਾਕ ਸੀ।

ਪਰੋਪਕਾਰ ਕਰਨਾ ਸਾਡੇ ਲਈ ਅਤੇ ਦੂਜਿਆਂ ਲਈ ਬਰਕਤ ਹੈ, ਪਰ ਯਿਸੂ ਦੀ ਸੇਵਾ ਪਰੋਪਕਾਰ ਨਾਲੋਂ ਕਿਤੇ ਵੱਧ ਹੈ। ਯਿਸੂ ਨੂੰ ਦਿੱਤੀ ਕੋਈ ਵੀ ਚੀਜ਼ ''ਬੇਕਾਰ'' ਗਈ ਨਹੀਂ ਮੰਨੀ ਜਾ ਸਕਦੀ। ਯਿਸੂ ਨੇ ਯਹੂਦਾ ਦੇ ਗ਼ਲਤ ਮਕਸਦਾਂ ਦੀ ਨਿੰਦਾ ਕੀਤੀ ਅਤੇ ਪਿਆਰ ਦੇ ਮਰੀਅਮ ਦੇ ਅਨਮੋਲ ਤੋਹਫ਼ੇ ਨੂੰ ਕਬੂਲ ਕੀਤਾ। ਯਿਸੂ ਨੂੰ ਪਿਆਰ ਵਿਚ ਕਮੀ ਰੜਿੰਦੀ ਹੀ ਹੈ।

ਇਸੇ ਵਿਚ ਸਾਨੂੰ ਇਕ ਹੋਰ ਸਬਕ ਮਿਲਦਾ ਹੈ ਕਿ ਸੱਚੀ ਦੋਸਤੀ ਬੜੀ ਮਹਿੰਗੀ ਪੈ ਸਕਦੀ ਹੈ। ਪਹਿਲਾਂ ਯਿਸੂ ਨੇ ਆਪਣੇ ਮਿੱਤਰ ਲਾਜ਼ਰ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕੀਤਾ ਸੀ (ਯੂਹੰਨਾ 11)। ਓਹੀ ਜੀ ਉੱਠਣਾ ਯਹੂਦੀਆਂ ਲਈ ਯਿਸੂ ਨੂੰ ਸਲੀਬ ਦੇਣ ਦਾ ਬਹਾਨਾ ਬਣ ਗਿਆ ਸੀ।

## ਫ਼ਤਹਿਮੰਦ ਦਾਖਲਾ

ਯਿਸੂ ਦਾ ''ਜੈਕਾਰਿਆਂ ਨਾਲ ਸਵਾਗਤ'' ਕਦੇ ਨਹੀਂ ਹੋਇਆ ਸੀ। ਇਹਦੇ ਲਈ ਉਹਨੇ ਇਹ ਸਮਾਂ ਚੁਣਿਆ (ਵੇਖੋ ਮੱਤੀ 21:1-11; ਮਰਕੁਸ 11:1-11; ਲੂਕਾ 19:29-44; ਯੂਹੰਨਾ 12:12-15)। ਉਹ ਗਧੇ 'ਤੇ ਚੜ੍ਹ ਕੇ ਯਹੂਦੀਆਂ ਦੇ ਰਾਜੇ ਦੇ ਤੌਰ 'ਤੇ ਸ਼ਹਿਰ ਵਿਚ ਗਿਆ। ਅਜਿਹਾ ਕਰਕੇ ਉਹਨੇ ਲੋਕਾਂ ਨੂੰ ਆਪਣੇ ਬਾਰੇ ਫ਼ੈਸਲਾ ਲੈਣ ਲਈ ਮਜਬੂਰ ਕੀਤਾ। ਉਹ ਆਖ ਰਿਹਾ ਸੀ, ਮੈਨੂੰ ਕਬੂਲ ਕਰੋ ਜਾਂ ਮਾਰ ਸੁੱਟੋ! ਉਹਨੇ ਬੜੀ ਚੌਕਸੀ ਨਾਲ ਆਪਣੇ ''ਫ਼ਤਹਿਮੰਦ ਦਾਖ਼ਲੇ'' ਦੀ ਯੋਜਨਾ ਬਣਾਈ।

ਉਹਨੇ ਦੋ ਚੇਲਿਆਂ[4] ਨੂੰ ਗਧੀ ਦਾ ਇਕ ਬੱਚਾ ਲਿਆਉਣ ਲਈ ਭੇਜਿਆ ਜਿਸ 'ਤੇ ਅਜੇ ਤਕ ਕੋਈ ਸਵਾਰ ਨਹੀਂ ਹੋਇਆ ਸੀ। ਇਹ ਗੱਲ ਹੈਰਾਨੀ ਵਾਲੀ ਹੈ! ਗਧੀ ਦੇ ਬੱਚੇ ਦਾ ਮਾਲਕ ਯਿਸੂ ਨੂੰ ਜਾਣਦਾ ਹੋਵੇਗਾ ਅਤੇ ਉਹਦਾ ਵਿਸ਼ਵਾਸੀ ਹੋਵੇਗਾ। ਯਿਸੂ ਨੂੰ ਕਿਸੇ ਤੋਂ ਖੋਤਾ ਮੰਗਣ ਦੀ ਲੋੜ ਪਈ ਕਿਉਂਕਿ ਉਹ ''ਫ਼ਕੀਰ ਸ਼ਹਿਨਸ਼ਾਹ'' ਸੀ। ਉਹ ਪਰਜਾ ਕੋਲ ਗਿਆ ਜਦਕਿ

ਆਮ ਤੌਰ 'ਤੇ ਪਰਜਾ ਆਪਣੇ ਰਾਜੇ ਕੋਲ ਜਾਂਦੀ ਹੈ।

ਲੋਕਾਂ ਨੇ ਰਾਹ ਵਿਚ ਉਹਦੇ ਅੱਗੇ ਟਹਿਣੀਆਂ ਅਤੇ ਕਪੜੇ ਵਿਛਾ ਦਿੱਤੇ। ਉਹ ''ਹੋਸੰਨਾ'' ਦੇ ਨਾਅਰੇ ਲਾਉਂਦੇ ਹੋਏ ਪੁਕਾਰ ਰਹੇ ਸਨ, ਜਿਸ ਤੋਂ ਭਾਵ ਹੈ, ''ਸਾਡੀ ਦੁਆ ਹੈ, ਬਚਾ ਲੈ।'' ਉਹਦੇ ਸ਼ਾਨਦਾਰ ਦਾਖ਼ਲੇ ਨਾਲ ਜ਼ਕਰਯਾਹ 9:9 ਦੀ ਨਬੂਵਤ ਪੂਰੀ ਹੋ ਗਈ।

ਯਰੂਸ਼ਲਮ ਪਹੁੰਚਣ 'ਤੇ ਯਿਸੂ ਭਾਵੁਕ ਹੋ ਗਿਆ ਕਿਉਂਕਿ ਉਹਦਾ ਮਨ ਦੁਖੀ ਹੋਇਆ। ਉਹ ਯਰੂਸ਼ਲਮ 'ਤੇ ਰੋਇਆ (ਲੂਕਾ 19:41)। ਉਨ੍ਹਾਂ ਲੋਕਾਂ ਲਈ ਜਿਨ੍ਹਾਂ ਉਹਨੂੰ ਠੁਕਰਾਉਣਾ ਸੀ, ਉਹਦਾ ਰੋਣਾ ਉੱਚੀ-ਉੱਚੀ ਸੀ। ਯਰੂਸ਼ਲਮ ਖ਼ੁਦਾ ਦਾ ਚੁਣਿਆ ਹੋਇਆ ਸ਼ਹਿਰ ਸੀ। ਦਸ ਹਜ਼ਾਰ ਯਾਦਾਂ ਮਿਟ ਰਹੀਆਂ ਸਨ ਕਿਉਂਕਿ ਸਮਾਂ ਤੇਜ਼ੀ ਨਾਲ ਲੰਘ ਰਿਹਾ ਸੀ। ਯਰੂਸ਼ਲਮ ਪੂਰੀ ਤਰ੍ਹਾਂ ਨਾਲ ਬਰਬਾਦ ਕੀਤਾ ਜਾਣ ਵਾਲਾ ਸੀ (67-70 ਈ.)।

ਸ਼ਾਂਤਮਈ ਢੰਗ ਨਾਲ ਗਧੇ 'ਤੇ ਸਵਾਰ ਹੋ ਕੇ ਯਿਸੂ ਸ਼ਹਿਰ ਵਿਚ ਆਇਆ। ਉਹਦੇ ਕੰਮਾਂ ਨਾਲ ਰੋਮੀਆਂ ਨੂੰ ਕੋਈ ਪਰੇਸ਼ਾਨੀ ਨਹੀਂ ਹੋਈ, ਜਿਨ੍ਹਾਂ ਛੇਤੀ ਹੀ ਉਹਨੂੰ ਸਲੀਬ 'ਤੇ ਚੜ੍ਹਾਉਣਾ ਸੀ।

ਐਤਵਾਰ ਵਾਲੀ ਭੀੜ ਗਲੀਲੀ ਲੋਕਾਂ ਦੀ ਸੀ; ਪਰ ਵੀਰਵਾਰ ਅਤੇ ਸ਼ੁੱਕਰਵਾਰ ਵਾਲੀ ਭੀੜ ਯਹੂਦੀਆ ਦੇ ਲੋਕਾਂ ਦੀ ਸੀ ਅਤੇ ਇਸੇ ਭੀੜ ਨੇ ਯਿਸੂ ਦੀ ਮੌਤ ਦੀ ਮੰਗ ਕਰਨੀ ਸੀ। ਸ਼ਾਂਤੀ ਦੇ ਰਾਜ ਕੁਮਾਰ ਦੇ ਸ਼ਹਿਰ ਵਿਚ ਆਉਣ 'ਤੇ ਉਹਦਾ ਸਵਾਗਤ ਤਾਰੀਫ਼ ਦੇ ਗੀਤਾਂ ਨਾਲ ਕੀਤਾ ਗਿਆ ਸੀ, ਪਰ ਇਸ ਨੇ ਉਹਦੇ ਵੈਰੀਆਂ ਨੂੰ ਕਾਰਵਾਈ ਕਰਨ ਲਈ ਮਜਬੂਰ ਕਰ ਦਿੱਤਾ। ਉਨ੍ਹਾਂ ਨੂੰ ਲੱਗਾ ਕਿ ਲੋਕ ਤਾਂ ਉਹਦੇ ਮਗਰ ਲਗ ਜਾਣਗੇ (ਯੂਹੰਨਾ 12:19)।

ਫ਼ਰੀਸੀ ਘਬਰਾ ਗਏ ਸਨ! ਉਨ੍ਹਾਂ ਨੇ ਯਿਸੂ ਨੂੰ ਆਪਣੇ ਚੇਲਿਆਂ ਨੂੰ ਡਾਂਟਣ (ਖ਼ਾਮੋਸ਼ ਕਰਨ) ਦਾ ਹੁਕਮ ਦਿੱਤਾ, ਪਰ ਯਿਸੂ ਨੇ ਨਾਂਹ ਕਰ ਦਿੱਤੀ। ਜੇ ਉਹਦੇ ਚੇਲੇ ਉਹਦੀ ਵਡਿਆਈ ਨਾ ਕਰਦੇ, ਤਾਂ ਪੱਥਰਾਂ ਨੇ ਉਹਦੀ ਵਡਿਆਈ ਲਈ ਪੁਕਾਰ ਉੱਠਣਾ ਸੀ (ਲੂਕਾ 19:40)। ਇਹ ''ਵਡਿਆਈ ਭਰਿਆ ਸਵਾਗਤ'' ਯਾਦਗਾਰੀ ਸੀ। ਯਰੂਸ਼ਲਮ ਨੇ ਤਾਂ *ਸੁਣਨ* ਤੋਂ ਇਨਕਾਰ ਕਰ ਦਿੱਤਾ, ਪਰ ਲੋਕਾਂ ਨੂੰ *ਵੇਖਣ* ਵਿਚ ਦਿਕੱਤ ਨਹੀਂ ਆਈ!

ਯਿਸੂ ਦਾ ''ਜੈਕਾਰਿਆਂ ਨਾਲ ਸਵਾਗਤ'' ਹੋਇਆ ਸੀ। ਭਲਾ ਅਸੀਂ ਇਸੇ ਤਰ੍ਹਾਂ ਉਹਦਾ ਸਵਾਗਤ ਕਰਾਂਗੇ?

*ਸਲੀਬ ...*
*ਹੋਰ ਰਾਹ ਹੀ ਨਹੀਂ!*